ਪ੍ਰਾਪਰਟੀ ਟੈਕਸ ਦੇਣ ਦੀ ਆਖਰੀ ਮਿਤੀ 5 ਜੁਲਾਈ 2023
ਮਹੱਤਵਪੂਰਨ ਜਾਣਕਾਰੀ



# ਪ੍ਰਾਪਰਟੀ ਟੈਕਸ 2023

ਈਮੇਲ ਦੁਆਰਾ ਟੈਕਸ ਨੋਟਿਸ ਪ੍ਰਾਪਤ ਕਰਨ ਲਈ ਸਾਈਨ ਅੱਪ ਕਰੋ:
**vancouver.ca/property-services**

CITY OF VANCOUVER

## ਖਾਲੀ ਘਰਾਂ 'ਤੇ ਟੈਕਸ (EMPTY HOMES TAX)

### ਦੇਰ ਨਾਲ ਐਲਾਨ

2022 ਟੈਕਸ ਸਾਲ ਲਈ ਦੇਰ ਨਾਲ ਐਲਾਨ ਹੁਣ ਖੁੱਲ੍ਹ ਗਏ ਹਨ ਅਤੇ 3 ਜੁਲਾਈ, 2024 ਤੱਕ ਕੀਤੇ ਜਾ ਸਕਦੇ ਹਨ। 2021 ਟੈਕਸ ਸਾਲ ਲਈ ਦੇਰ ਨਾਲ ਐਲਾਨ 5 ਜੁਲਾਈ, 2023 ਤੱਕ ਕੀਤੇ ਜਾ ਸਕਦੇ ਹਨ। ਹੁਣੇ ਐਲਾਨ ਕਰੋ: **vancouver.ca/eht-declare**

### ਭੁਗਤਾਨ

2022 ਟੈਕਸ ਸਾਲ ਲਈ ਖਾਲੀ ਘਰਾਂ 'ਤੇ ਟੈਕਸ (EHT) ਭੁਗਤਾਨ 18 ਅਪ੍ਰੈਲ, 2023 ਨੂੰ ਨਿਯਤ ਸਨ। 31 ਦਸੰਬਰ 2023 ਤੱਕ ਅਦਾ ਨਾ ਕੀਤਾ ਗਿਆ ਟੈਕਸ ਤੁਹਾਡੇ 2024 ਦੇ ਪ੍ਰਾਪਰਟੀ ਟੈਕਸ ਨੋਟਿਸ ਵਿੱਚ ਜੋੜ ਦਿੱਤਾ ਜਾਵੇਗਾ। ਸਿਟੀ ਦਾ EHT, B.C. ਸਪੇਕੁਲੇਸ਼ਨ ਐਂਡ ਵੈਕੇਂਸੀ ਟੈਕਸ (Speculation and Vacancy Tax)

ਤੋਂ ਵੱਖਰਾ ਹੈ। ਸੂਬਾਈ ਟੈਕਸ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਇਸ ਵੈੱਬਸਾਈਟ 'ਤੇ ਜਾਓ:

**gov.bc.ca/spectax**



### ਤੁਹਾਡੇ ਟੈਕਸ ਨੋਟਿਸ ਨੂੰ ਸਮਝਣ ਵਿੱਚ ਮਦਦ ਲੈਣੀ

ਆਪਣੇ ਟੈਕਸ ਨੋਟਿਸ ਨੂੰ ਕਿਵੇਂ ਪੜ੍ਹਨਾ ਹੈ ਇਸ ਬਾਰੇ ਸਾਡੀ ਗਾਈਡ ਇਸ ਵੈੱਬਸਾਈਟ 'ਤੇ ਦੇਖੋ: **vancouver.ca/tax-notice**

### ਆਪਣੇ ਟੈਕਸ ਨੋਟਿਸ ਦਾ ਭੁਗਤਾਨ ਕਰਨਾ

ਅਦਾਇਗੀ ਕਰਨ ਦਾ ਸਭ ਤੋਂ ਤੇਜ਼ ਅਤੇ ਆਸਾਨ ਤਰੀਕਾ ਤੁਹਾਡੀ ਵਿੱਤੀ ਸੰਸਥਾ ਦੁਆਰਾ ਔਨਲਾਈਨ ਅਦਾਇਗੀ ਕਰਨਾ ਹੈ। ਅਦਾਇਗੀ ਕਰਨ ਦੇ ਹੋਰ ਤਰੀਕਿਆਂ ਬਾਰੇ ਵੇਰਵਿਆਂ ਲਈ ਆਪਣੇ ਟੈਕਸ ਨੋਟਿਸ ਦੇ ਪਿਛਲੇ ਪਾਸੇ ਦੇਖੋ ਜਾਂ ਇਸ ਵੈੱਬਸਾਈਟ 'ਤੇ ਜਾਓ: **vancouver.ca/property-tax**

### ਇੱਕ ਔਨਲਾਈਨ ਖਾਤਾ ਸੈਟ-ਅੱਪ ਕਰੋ

ਈਮੇਲ ਦੁਆਰਾ ਟੈਕਸ ਨੋਟਿਸ ਪ੍ਰਾਪਤ ਕਰਨ ਲਈ ਸਾਈਨ ਅੱਪ ਕਰੋ: **vancouver.ca/property-services**

### ਆਪਣਾ ਡਾਕ ਪਤਾ ਅੱਪਡੇਟ ਕਰੋ

ਕੀ ਤੁਹਾਡਾ ਡਾਕ ਪਤਾ ਬਦਲ ਗਿਆ ਹੈ?

ਕੀ ਤੁਸੀਂ ਇੱਕ ਤੋਂ ਵੱਧ ਸੰਪਤੀ ਦੇ ਮਾਲਕ ਹੋ?

ਆਪਣਾ ਪਤਾ BC ਅਸੈਸਮੈਂਟ ਦੇ ਕੋਲ ਇਸ ਵੈੱਬਸਾਈਟ 'ਤੇ ਅੱਪਡੇਟ ਕਰੋ:**bcassessment.ca/update**

## ਪ੍ਰਾਪਰਟੀ ਟੈਕਸ ਬਾਰੇ ਰਿਮਾਇੰਡਰ

### ਆਪਣੀ ਘਰ ਦੇ ਮਾਲਕ ਦੀ ਗ੍ਰਾਂਟ ਨੂੰ ਕਲੇਮ ਕਰਨਾ

ਆਪਣੀ ਗ੍ਰਾਂਟ ਦੀ ਅਰਜ਼ੀ ਇਸ ਵੈੱਬਸਾਈਟ 'ਤੇ ਸਿੱਧਾ ਸੂਬੇ ਨੂੰ ਜਮ੍ਹਾਂ ਕਰੋ:
**gov.bc.ca/homeownergrant**

ਮਦਦ ਵਾਸਤੇ ਸੂਬੇ ਨੂੰ **1-888-355-2700** 'ਤੇ ਕਾਲ ਕਰੋ

ਮਹੱਤਵਪੂਰਨ: ਤੁਹਾਡੇ ਦੁਆਰਾ ਇੱਕ ਸਫਲ ਗ੍ਰਾਂਟ ਸਪੁਰਦਗੀ ਦੀ ਪੁਸ਼ਟੀ ਪ੍ਰਾਪਤ ਕਰਨ ਤੋਂ ਬਾਅਦ, ਤੁਹਾਡੇ ਪ੍ਰਾਪਰਟੀ ਟੈਕਸ ਖਾਤੇ ਨੂੰ ਅੱਪਡੇਟ ਕਰਨ ਵਿੱਚ 3-4 ਦਿਨ ਲੱਗ ਸਕਦੇ ਹਨ। ਦੇਰੀ ਦੇ ਜੁਰਮਾਨੇ ਤੋਂ ਬਚਣ ਲਈ, ਪ੍ਰਾਪਰਟੀ ਟੈਕਸ ਦੀ ਨਿਯਤ ਮਿਤੀ ਤੋਂ ਪਹਿਲਾਂ ਬਕਾਇਆ (ਤੁਹਾਡੀ ਯੋਗ ਗ੍ਰਾਂਟ ਰਕਮ ਨੂੰ ਘਟਾ ਕੇ) ਦਾ ਭੁਗਤਾਨ ਕਰੋ।

### ਪ੍ਰਾਪਰਟੀ ਟੈਕਸ ਨੂੰ ਮੁਲਤਵੀ ਕਰਨਾ

ਸੂਬੇ ਦਾ ਪ੍ਰਾਪਰਟੀ ਟੈਕਸ ਮੁਲਤਵੀ ਪ੍ਰੋਗਰਾਮ (Property Tax Deferment Program) ਇੱਕ ਘੱਟ ਵਿਆਜ ਵਾਲਾ ਸੂਬਾਈ ਲੋਨ ਪ੍ਰੋਗਰਾਮ ਹੈ ਜੋ B.C. ਦੇ ਯੋਗਤਾ ਪ੍ਰਾਪਤ ਘਰਾਂ ਦੇ ਮਾਲਕਾਂ ਨੂੰ ਉਹਨਾਂ ਦਾ ਸਲਾਨਾ ਪ੍ਰਾਪਰਟੀ ਟੈਕਸ ਅਦਾ ਕਰਨ ਵਿੱਚ ਮਦਦ ਕਰਨ ਲਈ ਤਿਆਰ ਕੀਤਾ ਗਿਆ ਹੈ।

ਇਸ ਵੈੱਬਸਾਈਟ 'ਤੇ ਹੋਰ ਜਾਣੋ:
**gov.bc.ca/propertytaxdeferment**

ਆਮ ਪੁੱਛ-ਗਿਛ ਲਈ, ਕਿਰਪਾ ਕਰਕੇ ਈਮੇਲ ਕਰੋ:
**taxdeferment@gov.bc.ca**

### ਸੂਬੇ ਦੁਆਰਾ ਲਗਾਇਆ ਜਾਂਦਾ ਵਾਧੂ ਸਕੂਲ ਟੈਕਸ

ਜੇ ਤੁਹਾਡੀ ਰਿਹਾਇਸ਼ੀ ਪ੍ਰਾਪਰਟੀ ਦੀ ਕੀਮਤ $3 ਮਿਲੀਅਨ ਤੋਂ ਵੱਧ ਹੈ, $3-4 ਮਿਲੀਅਨ ਤਕ ਦੇ ਮੁਲਾਂਕਣ ਕੀਤੇ ਗਏ ਹਿੱਸੇ 'ਤੇ 0.2% ਅਤੇ $4 ਮਿਲੀਅਨ ਤੋਂ ਵੱਧ ਮੁਲਾਂਕਣ ਕੀਤੇ ਗਏ ਹਿੱਸੇ 'ਤੇ 0.4% ਦੀ ਦਰ 'ਤੇ ਵਾਧੂ ਸਕੂਲ ਟੈਕਸ (Additional School) ਵਸੂਲ ਕੀਤਾ ਜਾ ਸਕਦਾ ਹੈ।

ਸੂਬੇ ਦੀ ਵੈੱਬਸਾਈਟ 'ਤੇ ਹੋਰ ਜਾਣੋ: **gov.bc.ca/schooltax**

For translations or more information, please visit:
vancouver.ca/property-tax

有關翻譯文本或更多信息，請訪問: vancouver.ca/property-tax

如果需要参阅翻译文本或者是获得更多资讯，请浏览:
vancouver.ca/property-tax

Para sa mga salin sa Tagalog o para sa karagdagang impormasyon, bisitahin ang: vancouver.ca/property-tax

ਅਨੁਵਾਦਾਂ ਜਾਂ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਵੇਖੋ:
vancouver.ca/property-tax

Để có bản dịch hoặc biết thêm thông tin, xin vui lòng truy cập:
vancouver.ca/property-tax

Para obtener traducciones o más información, visite:
vancouver.ca/property-tax

© 2023 City of Vancouver | 23-115

# ਤੁਹਾਡੇ ਟੈਕਸ ਅਤੇ ਸਹੂਲਤਾਂ ਫ਼ੀਸਾਂ ਕਿੱਥੇ ਜਾਂਦੀਆਂ ਹਨ

ਪ੍ਰਾਪਰਟੀ ਟੈਕਸ ਅਤੇ ਉਪਯੋਗਤਾ ਫ਼ੀਸਾਂ ਦਾ ਲਗਭਗ ਅੱਧਾ ਹਿੱਸਾ ਸਿਟੀ ਸੇਵਾਵਾਂ ਨੂੰ ਫੰਡ ਦਿੰਦਾ ਹੈ। ਬਾਕੀ ਅੱਧਾ ਹਿੱਸਾ ਖੇਤਰੀ ਸੇਵਾਵਾਂ, ਸਕੂਲਾਂ, ਆਵਾਜਾਈ, ਪੀਣ ਵਾਲੇ ਪਾਣੀ ਦੀ ਸਪਲਾਈ ਅਤੇ ਗੰਦੇ ਪਾਣੀ 'ਤੇ ਪ੍ਰਕਿਰਿਆ ਕਰਨ ਨੂੰ ਫੰਡ ਦਿੰਦਾ ਹੈ।

ਪਿਛਲੇ ਦਹਾਕੇ ਦੌਰਾਨ ਹੋਰ ਅਥਾਰਟੀਆਂ ਦੁਆਰਾ ਵਸੂਲੇ ਜਾਣ ਵਾਲੇ ਟੈਕਸਾਂ ਵਿੱਚ ਕਾਫ਼ੀ ਵਾਧਾ ਹੋਇਆ ਹੈ, ਅਤੇ ਸਿਟੀ ਦਾ ਇਸ ਗੱਲ 'ਤੇ ਕੋਈ ਨਿਯੰਤਰਣ ਨਹੀਂ ਹੈ ਕਿ ਕੀ ਵਸੂਲਿਆ ਜਾਂਦਾ ਹੈ ਜਾਂ ਪੂਰੇ ਖੇਤਰ ਵਿੱਚ ਲੇਵੀ ਨੂੰ ਕਿਵੇਂ ਵੰਡਿਆ ਜਾਂਦਾ ਹੈ।

ਤੁਹਾਡੇ ਦੁਆਰਾ ਅਦਾ ਕੀਤੇ ਜਾਣ ਵਾਲੇ ਪ੍ਰਾਪਰਟੀ ਟੈਕਸ ਦੀ ਰਕਮ ਤੁਹਾਡੇ ਸਾਲਾਨਾ ਪ੍ਰਾਪਰਟੀ ਦੇ ਮੁਲਾਂਕਣ ਕੀਤੇ ਮੁੱਲ 'ਤੇ ਅਧਾਰਤ ਹੁੰਦੀ ਹੈ, ਜਿਵੇਂ ਕਿ BC ਅਸੈਸਮੈਂਟ ਦੁਆਰਾ ਨਿਰਧਾਰਤ ਕੀਤਾ ਜਾਂਦਾ ਹੈ। ਤੁਹਾਡੀ ਜਾਇਦਾਦ ਦੀ ਸ਼੍ਰੇਣੀ ਵਿੱਚ ਔਸਤ ਤਬਦੀਲੀ ਦੇ ਸੰਬੰਧ ਵਿੱਚ ਤੁਹਾਡੇ ਮੁਲਾਂਕਣ ਵਿੱਚ ਤਬਦੀਲੀ ਉਹ ਹੈ ਜੋ ਤੁਹਾਡੇ ਪ੍ਰਾਪਰਟੀ ਟੈਕਸਾਂ ਨੂੰ ਪ੍ਰਭਾਵਿਤ ਕਰ ਸਕਦੀ ਹੈ। ਇਸ ਵੈੱਬਸਾਈਟ 'ਤੇ ਵਧੇਰੇ ਜਾਣਕਾਰੀ ਲਵੋ:
**vancouver.ca/property-tax**




## ਜ਼ਮੀਨ ਦੇ ਮੁਲਾਂਕਣ ਦਾ ਔਸਤ ਕੱਢਣਾ

ਜ਼ਮੀਨ ਦੇ ਮੁੱਲ ਵਿੱਚ ਮਹੱਤਵਪੂਰਨ ਵਾਧੇ ਦੇ ਟੈਕਸ ਪ੍ਰਭਾਵ ਨੂੰ ਘੱਟ ਕਰਨ ਵਿੱਚ ਮਦਦ ਕਰਨ ਲਈ, ਵੈਨਕੂਵਰ ਯੋਗ ਸੰਪਤੀਆਂ ਲਈ ਜ਼ਮੀਨੀ ਮੁਲਾਂਕਣ ਦਾ ਔਸਤ ਕੱਢਦਾ ਹੈ। ਜੇ ਤੁਹਾਡੀ ਪ੍ਰਾਪਰਟੀ ਇਸਦੇ ਯੋਗ ਹੈ, ਤਾਂ ਤਬਦੀਲੀ ਨੂੰ ਪਹਿਲਾਂ ਹੀ ਤੁਹਾਡੇ ਟੈਕਸ ਨੋਟਿਸ 'ਤੇ ਦਰਸਾਇਆ ਜਾਂਦਾ ਹੈ। ਇਸ ਵੈੱਬਸਾਈਟ 'ਤੇ ਵਧੇਰੇ ਜਾਣਕਾਰੀ ਲਵੋ:
**vancouver.ca/averaging**

## ਵਿਕਾਸ ਸਮਰੱਥਾ ਰਾਹਤ ਪ੍ਰੋਗਰਾਮ (DEVELOPMENT POTENTIAL RELIEF PROGRAM - DPRP)

ਪ੍ਰੋਗਰਾਮ ਯੋਗ ਸੁਤੰਤਰ, ਛੋਟੇ ਕਾਰੋਬਾਰਾਂ ਅਤੇ ਭਾਈਚਾਰਕ ਭਾਈਵਾਲਾਂ ਨੂੰ ਪ੍ਰਾਪਰਟੀ ਟੈਕਸ ਰਾਹਤ ਦੀ ਪੇਸ਼ਕਸ਼ ਕਰਦਾ ਹੈ। ਜੇ ਤੁਹਾਡੀ ਪ੍ਰਾਪਰਟੀ ਇਸਦੇ ਯੋਗ ਹੈ, ਤਾਂ ਤਬਦੀਲੀ ਨੂੰ ਤੁਹਾਡੇ ਟੈਕਸ ਨੋਟਿਸ 'ਤੇ ਦਰਸਾਇਆ ਜਾਵੇਗਾ। ਇਸ ਵੈੱਬਸਾਈਟ 'ਤੇ ਵਧੇਰੇ ਜਾਣਕਾਰੀ ਲਵੋ:
**vancouver.ca/tax-relief**

## ਪੂੰਜੀ ਨਿਵੇਸ਼

ਪੂੰਜੀ ਨਿਵੇਸ਼ ਜਨਸੰਖਿਆ ਦੇ ਵਾਧੇ 'ਤੇ ਪ੍ਰਤਿਕਿਰਿਆ ਕਰਦੇ ਹਨ ਅਤੇ ਪੁਰਾਣੇ ਹੋ ਰਹੇ ਬੁਨਿਆਦੀ ਢਾਂਚੇ ਅਤੇ ਸਹੂਲਤਾਂ ਨੂੰ ਬਦਲਣ ਅਤੇ ਨਵਿਆਉਣ ਲਈ ਫੰਡ ਦਿੰਦੇ ਹਨ।

ਮੁੱਖ ਪ੍ਰੋਜੈਕਟਾਂ ਵਿੱਚ ਵੈਨਕੂਵਰ ਐਕੁਆਟਿਕ ਸੈਂਟਰ ਦੇ ਨਵੀਨੀਕਰਨ ਦਾ ਪਹਿਲਾ ਪੜਾਅ, ਗ੍ਰੈਂਡਵਿਊ-ਵੁੱਡਲੈਂਡ ਵਿੱਚ W.C. ਸ਼ੈਲੀ ਪਾਰਕ ਦਾ ਵਿਸਤਾਰ, ਡਾਊਨਟਾਊਨ ਸਾਊਥ ਫਾਇਰ ਹਾਲ ਦਾ ਨਵੀਨੀਕਰਨ ਅਤੇ ਵਿਸਤਾਰ, ਅਤੇ ਗ੍ਰੈਨਵਿਲ ਅਤੇ ਕੈਮਬੀ ਬ੍ਰਿਜਾਂ ਲਈ ਅੱਪਗ੍ਰੇਡ ਸ਼ਾਮਲ ਹਨ।

ਕਾਉਂਸਿਲ ਨੇ 2023 ਲਈ $730 ਮਿਲੀਅਨ ਦੇ ਪੂੰਜੀ ਖਰਚੇ ਦੇ ਬਜਟ ਨੂੰ ਮਨਜ਼ੂਰੀ ਦਿੱਤੀ। ਇਸ ਵੈੱਬਸਾਈਟ 'ਤੇ ਵਧੇਰੇ ਜਾਣਕਾਰੀ ਲਵੋ:
**vancouver.ca/capital-plan**

## ਟੈਕਸਾਂ ਦਾ ਸਿਟੀ ਵਾਲਾ ਹਿੱਸਾ ਕਿਵੇਂ ਖਰਚਿਆ ਜਾਂਦਾ ਹੈ

ਸਿਟੀ ਆਫ਼ ਵੈਨਕੂਵਰ ਦੇ ਟੈਕਸਾਂ ਦਾ ਹਿੱਸਾ ਆਮ ਤੌਰ 'ਤੇ ਸਮੁੱਚੇ ਟੈਕਸ ਬਿੱਲ ਦੇ ਲਗਭਗ ਅੱਧੇ ਨੂੰ ਦਰਸਾਉਂਦਾ ਹੈ। ਇਹ ਜ਼ਰੂਰੀ ਸੇਵਾਵਾਂ ਦੇ ਨਾਲ-ਨਾਲ ਮਨੋਰੰਜਨ ਕੇਂਦਰਾਂ ਅਤੇ ਬੁਨਿਆਦੀ ਢਾਂਚੇ ਜਿਵੇਂ ਕਿ ਸੀਵਰ ਪਾਈਪਾਂ, ਸੜਕਾਂ ਅਤੇ ਪੁਲਾਂ ਵਰਗੀਆਂ ਸਹੂਲਤਾਂ ਲਈ ਫੰਡ ਦਿੰਦਾ ਹੈ। ਇਹ ਅਨੁਮਾਨ ਸਿਰਫ ਟੈਕਸਾਂ ਦਾ ਉਹ ਹਿੱਸਾ ਦਿਖਾਉਂਦੇ ਹਨ ਜੋ ਸਿਟੀ ਨਾਲ ਸੰਬੰਧਿਤ ਹਨ, ਜੋ ਤੁਹਾਨੂੰ ਆਪਣੀ 2023 ਪ੍ਰਾਪਰਟੀ ਟੈਕਸ ਸੂਚਨਾ ਦੀ "General Levy" (ਜਨਰਲ ਲੇਵੀ) ਲਾਈਨ 'ਤੇ ਮਿਲ ਸਕਦਾ ਹੈ।

| ਸਿਟੀ ਦੀਆਂ ਸੇਵਾਵਾਂ | ਲੇਵੀ ਦਾ ਪ੍ਰਤਿਸ਼ਤ | ਸਟ੍ਰੈਟਾ ਯੂਨਿਟ | ਸਿੰਗਲ-ਪਰਿਵਾਰ ਘਰ | ਕਾਰੋਬਾਰ |
|---|---|---|---|---|
| ਵੈਨਕੂਵਰ ਪੁਲਿਸ ਡਿਪਾਰਟਮੈਂਟ | 30% | $394 | $1,039 | $1,872 |
| ਪੂੰਜੀ ਨਿਵੇਸ਼, ਕਰਜ਼ਾ ਅਤੇ ਆਮ ਸਰਕਾਰ | 21% | $275 | $727 | $1,311 |
| ਟੈਕਨਾਲੋਜੀ, ਸਹੂਲਤਾਂ, ਯੋਜਨਾਬੰਦੀ ਅਤੇ ਕਾਰਪੋਰੇਟ ਸੇਵਾਵਾਂ | 13% | $170 | $450 | $811 |
| ਵੈਨਕੂਵਰ ਫਾਇਰ ਰੈਸਕਿਊ ਸਰਵਿਸ | 12% | $158 | $416 | $749 |
| ਇੰਜੀਨੀਅਰਿੰਗ (ਸੜਕਾਂ ਅਤੇ ਸੀਵਰ) | 8% | $105 | $277 | $499 |
| ਪਾਰਕ ਅਤੇ ਮਨੋਰੰਜਨ | 7% | $92 | $242 | $437 |
| ਕਲਾ, ਸੱਭਿਆਚਾਰ ਅਤੇ ਭਾਈਚਾਰਕ ਸੇਵਾਵਾਂ | 5% | $66 | $173 | $312 |
| ਵੈਨਕੂਵਰ ਪਬਲਿਕ ਲਾਇਬ੍ਰੇਰੀ | 4% | $53 | $138 | $250 |
| ਅਨੁਮਾਨਿਤ ਜਨਰਲ ਲੇਵੀ | 100% | $1,313 | $3,462 | $6,241 |

ਧਿਆਨ ਦਿਓ: ਜਨਰਲ ਲੇਵੀ ਤੋਂ ਵੱਖ, ਤੁਸੀਂ ਆਪਣੇ ਟੈਕਸ ਨੋਟਿਸ 'ਤੇ ਸੀਵਰ, ਪਾਣੀ ਅਤੇ ਠੋਸ ਰਹਿੰਦ-ਖੂਹੰਦ ਇਕੱਤਰੀਕਰਨ ਸਮੇਤ ਸੇਵਾਵਾਂ ਲਈ ਸੂਚੀਬੱਧ ਇੰਜੀਨੀਅਰਿੰਗ ਉਪਯੋਗਤਾ ਫ਼ੀਸਾਂ ਵੀ ਦੇਖ ਸਕਦੇ ਹੋ।

ਮੀਡੀਅਨ ਰਿਹਾਇਸ਼ੀ ਸਟ੍ਰੈਟਾ ਯੂਨਿਟ ਦਾ ਮੁਲਾਂਕਣ $804,000 'ਤੇ ਕੀਤਾ ਗਿਆ ਹੈ
ਮੀਡੀਅਨ ਸਿੰਗਲ-ਫੈਮਿਲੀ ਹੋਮ ਦਾ ਮੁਲਾਂਕਣ $2,120,000 'ਤੇ ਕੀਤਾ ਗਿਆ ਹੈ
ਮੀਡੀਅਨ ਕਾਰੋਬਾਰੀ ਜਾਇਦਾਦ ਦਾ ਮੁਲਾਂਕਣ $1,244,000 'ਤੇ ਕੀਤਾ ਗਿਆ ਹੈ